# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਸਰੀ ਸਿਟੀ ਕੌਂਸਲ ਲਈ 17 ਅਕਤੂਬਰ ਨੂੰ ਪੈਣਗੀਆਂ ਵੋਟਾਂ: ਇਕ ਮੇਅਰ, 8 ਕੌਂਸਲਰਾਂ ਅਤੇ 6 ਸਕੂਲ ਟਰੱਸਟੀਆਂ ਦੀ ਹੋਵੇਗੀ ਚੋਣ

### ਪਰਿਵਾਰਾਂ ਦੀ ਸੁਰੱਖਿਆ, ਕਾਰੋਬਾਰਾਂ ਲਈ ਸੁਖਾਵਾਂ ਮਾਹੌਲ, ਨੌਜਵਾਨਾਂ ਲਈ ਸਹੂਲਤਾਂ, ਆਵਾਜਾਈ, ਰਿਹਾਇਸ਼ ਅਤੇ ਕਮਿਊਨਿਟੀ ਸੇਵਾਵਾਂ ਬਣੇ ਮੁੱਖ ਚੋਣ ਮੁੱਦੇ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 15 ਸਤੰਬਰ : ਸਰੀ ਦੀ 2026 ਮਿਊਂਸਪਲ ਚੋਣ ਲਈ ਸਿਆਸੀ ਮੈਦਾਨ ਪੂਰੀ ਤਰ੍ਹਾਂ ਭਖ ਗਿਆ ਹੈ। 17 ਅਕਤੂਬਰ ਨੂੰ ਹੋਣ ਵਾਲੀ ਇਸ ਚੋਣ ਵਿੱਚ ਸਰੀ ਦੇ ਵੋਟਰ ਮੇਅਰ ਦੀ ਇੱਕ, ਸਿਟੀ ਕੌਂਸਲ ਦੀਆਂ 8 ਅਤੇ ਸਕੂਲ ਡਿਸਟ੍ਰਿਕਟ ਦੀਆਂ 6 ਟਰੱਸਟੀ ਸੀਟਾਂ ਲਈ ਆਪਣੇ ਨੁਮਾਇੰਦੇ ਚੁਣਨਗੇ। ਸਿਟੀ ਆਫ਼ ਸਰੀ ਵੱਲੋਂ ਜਾਰੀ ਅਧਿਕਾਰਤ ਸੂਚੀ ਅਨੁਸਾਰ ਮੇਅਰ ਦੀ ਦੌੜ ਵਿੱਚ 7 ਉਮੀਦਵਾਰ ਮੈਦਾਨ ਵਿੱਚ ਹਨ, ਕੌਂਸਲਰਾਂ ਦੀ ਚੋਣ ਲਈ 67 ਅਤੇ ਸਕੂਲ ਟਰੱਸਟੀ ਦੀਆਂ ਸੀਟਾਂ ਲਈ 26 ਉਮੀਦਵਾਰ ਚੋਣ ਲੜ ਰਹੇ ਹਨ।

ਮੇਅਰ ਦੀ ਚੋਣ ਇਸ ਵਾਰ ਖਾਸ ਤੌਰ 'ਤੇ ਦਿਲਚਸਪ ਬਣੀ ਹੋਈ ਹੈ। ਇਸ ਅਹੁਦੇ ਲਈ ਇਗਲ ਐਮਨਜ਼ ਦੂਜਾ, ਲਿੰਡਾ ਐਨਿਸ, ਮੌਜੂਦਾ ਮੇਅਰ ਬਰੈਂਡਾ ਲੌਕ, ਸਾਬਕਾ ਮੇਅਰ ਡੱਗ ਮੈਕਲਮ, ਹੋਨਵੀਰ ਸਿੰਘ ਰੰਧਾਵਾ, ਮਾਈਕ ਸਟਾਰਚੁਕ ਅਤੇ ਟਰੌਇ ਵੈਨ-ਵਲੀਟ ਮੈਦਾਨ ਵਿੱਚ ਹਨ।

ਮੌਜੂਦਾ ਮੇਅਰ ਬਰੈਂਡਾ ਲੌਕ ਮੁੜ ਮੇਅਰ ਦੀ ਕੁਰਸੀ ਹਾਸਲ ਕਰਨ ਲਈ ਚੋਣ ਲੜ ਰਹੀ ਹੈ। ਉਨ੍ਹਾਂ ਦੀ ਮੁਹਿੰਮ ਵਿੱਚ ਪੁਲਿਸ ਅਤੇ ਫਾਇਰ ਸੇਵਾਵਾਂ ਵਿੱਚ ਨਿਵੇਸ਼, ਟੈਕਸਾਂ ਨੂੰ ਕਾਬੂ ਵਿੱਚ ਰੱਖਣ, ਬੁਨਿਆਦੀ ਢਾਂਚੇ, ਰਿਹਾਇਸ਼ ਅਤੇ ਕਮਿਊਨਿਟੀ ਸੇਵਾਵਾਂ ਵਰਗੇ ਮੁੱਦੇ ਪ੍ਰਮੁੱਖ ਹਨ। ਦੂਜੇ ਪਾਸੇ ਸਰੀ ਸਿਟੀ ਕੌਂਸਲ ਦੀ ਸਾਬਕਾ ਮੈਂਬਰ ਲਿੰਡਾ ਐਨਿਸ ਵੀ ਮੇਅਰ ਦੀ ਦੌੜ ਵਿੱਚ ਮਜ਼ਬੂਤ ਉਮੀਦਵਾਰ ਵਜੋਂ ਸਾਹਮਣੇ ਆਈ ਹੈ। ਐਨਿਸ ਸੁਰੱਖਿਆ, ਵਿੱਤੀ ਪਾਰਦਰਸ਼ਤਾ ਅਤੇ ਸਿਟੀ ਦੇ ਵੱਡੇ ਪ੍ਰਾਜੈਕਟਾਂ ਉੱਤੇ ਖਰਚਿਆਂ ਦੀ ਸਮੀਖਿਆ ਨੂੰ ਆਪਣੀ ਮੁਹਿੰਮ ਦਾ ਅਹਿਮ ਹਿੱਸਾ ਬਣਾ ਰਹੀ ਹੈ।

ਸਾਬਕਾ ਮੇਅਰ ਡੱਗ ਮੈਕਕਲਮ ਵੀ ਇਸ ਚੋਣ ਰਾਹੀਂ ਸਰੀ ਦੀ ਸਿਆਸਤ ਵਿੱਚ ਵਾਪਸੀ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੇ ਚੋਣ ਵਾਅਦਿਆਂ ਵਿੱਚ ਕਿੰਗ ਜੌਰਜ ਬੁਲੇਵਾਰਡ ਤੋਂ ਨਿਊਟਨ ਤੱਕ ਸਕਾਈਟ੍ਰੇਨ ਦਾ ਵਿਸਥਾਰ, ਚਾਰ ਸਾਲਾਂ ਲਈ ਜਾਇਦਾਦ ਟੈਕਸ ਵਿੱਚ ਜ਼ੀਰੋ ਪ੍ਰਤੀਸ਼ਤ ਵਾਧਾ, ਅਪਰਾਧ ਅਤੇ ਐਕਸਟੌਰਸ਼ਨ ਵਿਰੁੱਧ ਸਖ਼ਤ ਕਾਰਵਾਈ ਅਤੇ ਸਰੀ ਪੁਲਿਸ ਦੀ ਹੈਲੀਕਾਪਟਰ ਤੇ ਡਰੋਨ ਸਮਰੱਥਾ ਵਧਾਉਣ ਵਰਗੇ ਮੁੱਦੇ ਸ਼ਾਮਲ ਹਨ।

ਕੰਜ਼ਰਵੇਟਿਵ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਵੀ ਮੇਅਰ ਦੀ ਦੌੜ ਨੂੰ ਤਿੱਖਾ ਕਰ ਦਿੱਤਾ ਹੈ। ਸਰੀ ਵਿੱਚ ਬਚਪਨ ਤੋਂ ਰਹਿ ਰਹੇ ਰੰਧਾਵਾ ਪੇਸ਼ੇ ਵਜੋਂ ਵਕੀਲ ਹਨ ਅਤੇ ਆਪਣੀ ਮੁਹਿੰਮ ਵਿੱਚ ਸੁਰੱਖਿਅਤ ਸੜਕਾਂ, ਘੱਟ ਟੈਕਸਾਂ ਅਤੇ ਜਵਾਬਦੇਹ ਪ੍ਰਸ਼ਾਸਨ ਦੀ ਗੱਲ ਕਰ ਰਹੇ ਹਨ।

ਸਾਬਕਾ ਸਰੀ ਫਾਇਰ ਸਰਵਿਸ ਅਧਿਕਾਰੀ, ਸਾਬਕਾ ਕੌਂਸਲਰ ਅਤੇ ਸਾਬਕਾ ਐਮ.ਐਲ.ਏ. ਮਾਈਕ ਸਟਾਰਚੁਕ ਵੀ ਮੇਅਰ ਦੇ ਅਹੁਦੇ ਲਈ ਚੋਣ ਲੜ ਰਹੇ ਹਨ। ਉਹ ਸਰੀ ਨੂੰ ਵਧੇਰੇ ਸੁਰੱਖਿਅਤ, ਤੇਜ਼ ਆਵਾਜਾਈ ਵਾਲਾ, ਘੱਟ ਭੀੜ-ਭੜੱਕੇ ਵਾਲਾ ਅਤੇ ਕਿਫਾਇਤੀ ਸ਼ਹਿਰ ਬਣਾਉਣ ਨੂੰ ਆਪਣੀ ਮੁਹਿੰਮ ਦਾ ਕੇਂਦਰ ਦੱਸ ਰਹੇ ਹਨ।

ਕਾਰੋਬਾਰੀ ਅਤੇ ਬਿਲਡਰ ਟਰੌਇ ਵੈਨ-ਵਲੀਟ ਵੀ ਮੇਅਰ ਦੀ ਚੋਣ ਵਿੱਚ ਮੈਦਾਨ ਵਿੱਚ ਹਨ। ਉਨ੍ਹਾਂ ਦੀ ਮੁਹਿੰਮ ਵਿੱਚ ਸੁਰੱਖਿਆ, ਰਿਹਾਇਸ਼, ਪਰਿਵਾਰਾਂ ਲਈ ਸਹੂਲਤਾਂ, ਕਾਰੋਬਾਰ-ਪੱਖੀ ਨੀਤੀਆਂ ਅਤੇ ਸ਼ਹਿਰ ਦੇ ਵਿਕਾਸ ਲਈ ਯੋਜਨਾਬੱਧ ਪਹੁੰਚ ਵਰਗੇ ਮੁੱਦੇ ਉਭਾਰੇ ਜਾ ਰਹੇ ਹਨ।

ਇਸ ਵਾਰ ਦੀ ਚੋਣ ਵਿੱਚ ਸਭ ਤੋਂ ਵੱਡਾ ਮੁੱਦਾ ਸਰੀ ਵਾਸੀਆਂ ਲਈ ਸੁਰੱਖਿਆ ਦਾ ਬਣਿਆ ਹੋਇਆ ਹੈ। ਐਕਸਟੌਰਸ਼ਨ, ਗੈਂਗ ਹਿੰਸਾ, ਨਸ਼ਿਆਂ ਨਾਲ ਜੁੜੀ ਅਪਰਾਧਿਕ ਸਰਗਰਮੀ ਅਤੇ ਸਰੀ ਪੁਲਿਸ ਸਰਵਿਸ ਦੀ ਭੂਮਿਕਾ ਬਾਰੇ ਵੱਖ-ਵੱਖ ਉਮੀਦਵਾਰ ਆਪੋ-ਆਪਣੇ ਹੱਲ ਪੇਸ਼ ਕਰ ਰਹੇ ਹਨ। ਇਸ ਦੇ ਨਾਲ ਹੀ ਜਾਇਦਾਦ ਟੈਕਸ, ਘਰਾਂ ਦੀ ਵਧਦੀ ਕੀਮਤ, ਰਿਹਾਇਸ਼ ਦੀ ਘਾਟ, ਟ੍ਰੈਫਿਕ ਦੀ ਸਮੱਸਿਆ, ਸਕਾਈਟ੍ਰੇਨ ਦਾ ਵਿਸਥਾਰ ਅਤੇ ਸੜਕਾਂ ਤੇ ਹੋਰ ਬੁਨਿਆਦੀ ਢਾਂਚੇ ਦਾ ਵਿਕਾਸ ਵੀ ਚੋਣ ਦੇ ਕੇਂਦਰੀ ਮੁੱਦੇ ਬਣੇ ਹੋਏ ਹਨ।

ਸਰੀ ਵਿੱਚ ਚੱਲ ਰਹੇ ਵੱਡੇ ਵਿਕਾਸ ਪ੍ਰਾਜੈਕਟ ਅਤੇ ਸਿਟੀ ਦੇ ਖਰਚੇ ਵੀ ਚੋਣ ਮੁਹਿੰਮ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਉਮੀਦਵਾਰਾਂ ਵਿੱਚ ਇਸ ਗੱਲ ਨੂੰ ਲੈ ਕੇ ਵੱਖ-ਵੱਖ ਵਿਚਾਰ ਹਨ ਕਿ ਸ਼ਹਿਰ ਨੂੰ ਵੱਡੇ ਪ੍ਰਾਜੈਕਟਾਂ ਉੱਤੇ ਕਿੰਨਾ ਖਰਚ ਕਰਨਾ ਚਾਹੀਦਾ ਹੈ ਅਤੇ ਇਸ ਦਾ ਬੋਝ ਟੈਕਸਦਾਤਿਆਂ ਉੱਤੇ ਕਿੰਨਾ ਪੈਣਾ ਚਾਹੀਦਾ ਹੈ। ਸ਼ਹਿਰ ਵੱਲੋਂ ਸਿਟੀ ਸੈਂਟਰ ਵਿੱਚ 10,000 ਸੀਟਾਂ ਵਾਲੇ ਅਰੇਨਾ ਅਤੇ ਐਂਟਰਟੇਨਮੈਂਟ ਡਿਸਟ੍ਰਿਕਟ ਦੀ ਯੋਜਨਾ ਵੀ ਚੋਣ ਬਹਿਸ ਦਾ ਇੱਕ ਅਹਿਮ ਹਿੱਸਾ ਬਣੀ ਹੋਈ ਹੈ।

ਕੌਂਸਲ ਦੀਆਂ ਅੱਠ ਸੀਟਾਂ ਲਈ ਮੁਕਾਬਲਾ ਵੀ ਕਾਫ਼ੀ ਦਿਲਚਸਪ ਹੈ। ਸਿਟੀ ਆਫ਼ ਸਰੀ ਦੀ ਮੌਜੂਦਾ ਅਧਿਕਾਰਤ ਸੂਚੀ ਵਿੱਚ 65 ਕੌਂਸਲਰ ਉਮੀਦਵਾਰ ਦਰਜ ਹਨ। ਇਨ੍ਹਾਂ ਵਿੱਚ ਇੰਤਖਾਬ ਅਹਿਮਦ, ਯੂਸਫ਼ ਅਲਦਾਬੈਨਾ-ਬਰਾਕਤ, ਲੀਸਾ ਡਾਨ ਐਲੈਕਸਿਸ, ਡੈਬਰਾ ਐਂਟੀਫੇਵ, ਹੈਰੀ ਬੈਂਸ, ਰਿੱਕੀ ਬਾਜਵਾ, ਗੇਲ ਬੇਜ਼ਡੇਸ, ਮਾਈਕ ਬੋਸ, ਜੈਨੇਟ ਬਰਾਊਨ, ਫਿਲਿਪ ਕਾਰਲੈੱਸ, ਡੈਨ ਬੀ. ਕਾਰਲੋਸ, ਚੰਦਨ ਚਾਹਲ, ਲੀਅਨਾ ਚੈਟਵਿਨ, ਬਿਲਾਲ ਚੀਮਾ, ਪਰਮਿੰਦਰ ਚੋਹਾਨ, ਚੇਨੀ ਕਲੋਕ, ਆਇਜ਼ਕ ਡੈਨੀਅਲ, ਇਆਨ ਡੀ ਹੂਗ, ਨਰੀਮਾ ਡੇਲਾ ਕਰੂਜ਼, ਓਲਿਵਰ ਡਿਕਸਨ, ਮੈਸੀਆ ਡਿਟਸ਼ਿੰਬਾ, ਮਾਈਕਲ ਡਨ, ਡੱਗ ਐਲਫੋਰਡ, ਮੀਰਾ ਗਿੱਲ, ਰਾਹੁਲ ਗਿੱਲ, ਸੁਹਾਨਾ ਗਿੱਲ, ਜਸਰੂਪ ਗੋਸਲ, ਲੌਰੀ ਗੁਏਰਾ, ਅਸ਼ਿਆਨਾ ਹਨੀਫ਼, ਗੌਰਡ ਹੈਪਨਰ, ਕ੍ਰਿਸਟੋਫਰ ਆਰ. ਹੌਫਮੈਨ, ਮੇਹਨਾਜ਼ ਜਾਵੇਦ, ਜੈਸੀ ਜੌਹਲ, ਐਮਿਲੀ ਕੈਨੇਡੀ, ਯੂਸਫ਼ ਖੱਟਾਬ, ਬਰੈਡ ਕੀਲਮੈਨ, ਪਰਦੀਪ ਕੂਨਰ, ਵੇਰਾ ਲੈਫਰਾਂਕ, ਵਿਲੀਅਮ ਲੀ, ਮਾਰਗਰੇਟ ਮੁਬਾਂਡਾ, ਮਨਦੀਪ ਸਿੰਘ ਨਾਗਰਾ, ਗਗਨ ਨਾਹਲ, ਐਲਿਸਨ ਪੈਟਨ, ਐਨਰਿਕ ਪੋਂਸ ਡੀ ਲਿਓਨ, ਕੋਰਡਲ ਪੁਲਰ, ਜਿਮੀ ਰੀਕੋ, ਟੌਮ ਸੈਡ, ਮਨੂ ਸ਼ਰਮਾ, ਬਿਊ ਸਿੰਪਸਨ, ਮੈਥਿਊ ਜੇ. ਸਮੈਡ, ਵਰਨਰ ਸਪੈਂਗਲ, ਕਲਿੰਟ ਸਟੀਵਰਟ, ਰੌਬ ਸਟੱਟ, ਰੋਨਾ ਟੈਪਰ, ਮਿਗੁਏਲ ਟਿੰਗ, ਲਿਲੀ ਤਸੀ, ਵਿਕ ਉੱਪਲ, ਕੈਲਵਿਨ ਵੈਂਡਰਪਲੋਇਗ, ਸ਼ੀਨਾ ਵਰਮਾਨੀ, ਨੋਏਮੀ ਵਿਕਟੋਰੀਨੋ, ਕੇਵਿਨ ਵਿਲਕੀ, ਮਿਲਾ ਵੌਂਗ-ਕਬੁਸ਼, ਡੋਨਾ ਵੂ, ਜੇਮਜ਼ ਯੂ ਅਤੇ ਸਲਮਾਨ ਜ਼ਫ਼ਰ ਸ਼ਾਮਲ ਹਨ।

ਕੌਂਸਲ ਦੀ ਇਸ ਦੌੜ ਵਿੱਚ ਪੰਜਾਬੀ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਨਾਲ ਜੁੜੇ ਕਈ ਜਾਣੇ-ਪਛਾਣੇ ਨਾਮ ਵੀ ਨਜ਼ਰ ਆ ਰਹੇ ਹਨ। ਹੈਰੀ ਬੈਂਸ, ਰਿੱਕੀ ਬਾਜਵਾ, ਬਿਲਾਲ ਚੀਮਾ, ਪਰਮਿੰਦਰ ਚੋਹਾਨ, ਜਸਰੂਪ ਗੋਸਲ, ਮਨਦੀਪ ਸਿੰਘ ਨਾਗਰਾ, ਗਗਨ ਨਾਹਲ, ਪਰਦੀਪ ਕੂਨਰ, ਮੀਰਾ ਗਿੱਲ, ਰਾਹੁਲ ਗਿੱਲ, ਸੁਹਾਨਾ ਗਿੱਲ, ਅਸ਼ਿਆਨਾ ਹਨੀਫ਼ ਅਤੇ ਸ਼ੀਨਾ ਵਰਮਾਨੀ ਸਮੇਤ ਕਈ ਉਮੀਦਵਾਰ ਵੱਖ-ਵੱਖ ਭਾਈਚਾਰਕ ਅਤੇ ਜਨਤਕ ਸਰਗਰਮੀਆਂ ਕਾਰਨ ਵੀ ਚਰਚਾ ਵਿੱਚ ਹਨ।

ਸਕੂਲ ਟਰੱਸਟੀ ਦੀਆਂ ਛੇ ਸੀਟਾਂ ਲਈ ਵੀ 25 ਉਮੀਦਵਾਰ ਮੈਦਾਨ ਵਿੱਚ ਹਨ। ਇਨ੍ਹਾਂ ਵਿੱਚ ਟੈਰੀ ਐਲਨ, ਜੌਨ ਬੈਨੋਵਿਚ, ਹਰਜੀਤ ਭੁੱਲਰ, ਅਮਰਿਤ ਬਿਰਿੰਗ, ਮਿਸ਼ੈਲ ਸੇਨੀਜ਼ਾ, ਗੁਰਲੀਨ ਕੇ. ਚਾਹਲ, ਨੂਰ ਚੀਮਾ, ਰੋਹਿਤ ਡੀ'ਸਿਲਵਾ, ਤਾਤਿਆਨਾ ਡਾ ਸਿਲਵਾ, ਵੈਨੈਸਾ ਗਿਲੇਰਾ, ਗੈਰੀ ਬੀ. ਹੀ, ਬੌਬ ਹੋਮਜ਼, ਕਾਇਲ ਜੋਨਜ਼, ਸੁਸ਼ਾ ਕੈਸਿਡੀ ਜੋਨਜ਼, ਵਿਕ ਕਰਨ, ਮੀਨਾ ਕੋਚਰ, ਲੌਰੀ ਲਾਰਸਨ, ਗੁਲਾਮ ਮੁਜਤਬਾ, ਅਫਜ਼ਲੁਰ ਰਹਿਮਾਨ, ਗੈਰੀ ਥਿੰਦ, ਵਿਨਸੈਂਟ ਟਾਈਘ, ਗੈਰੀ ਟਾਇਮੋਸ਼ੁਕ, ਵੈਨਸਨ ਵਾਂਗ, ਐਨ ਵਿਟਮੋਰ ਅਤੇ ਸ਼ੌਨ ਵਿਲਸਨ ਸ਼ਾਮਲ ਹਨ।

ਸਕੂਲ ਟਰੱਸਟੀਆਂ ਦੀ ਚੋਣ ਵੀ ਸਰੀ ਦੇ ਪਰਿਵਾਰਾਂ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਚੁਣੇ ਜਾਣ ਵਾਲੇ ਟਰੱਸਟੀ ਸਕੂਲ ਡਿਸਟ੍ਰਿਕਟ ਦੀਆਂ ਨੀਤੀਆਂ, ਬਜਟ, ਵਿਦਿਅਕ ਤਰਜੀਹਾਂ ਅਤੇ ਵਧ ਰਹੀ ਵਿਦਿਆਰਥੀ ਗਿਣਤੀ ਨਾਲ ਸਬੰਧਤ ਫ਼ੈਸਲਿਆਂ ਵਿੱਚ ਭੂਮਿਕਾ ਨਿਭਾਉਣਗੇ। ਸਰੀ ਦੀ ਤੇਜ਼ੀ ਨਾਲ ਵਧ ਰਹੀ ਆਬਾਦੀ ਕਾਰਨ ਸਕੂਲਾਂ ਵਿੱਚ ਥਾਂ, ਨਵੀਆਂ ਸਕੂਲ ਇਮਾਰਤਾਂ, ਵਿਦਿਆਰਥੀਆਂ ਦੀ ਸੁਰੱਖਿਆ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਹੂਲਤਾਂ ਅਤੇ ਸਿੱਖਿਆ ਲਈ ਵਧੇਰੇ ਸਰੋਤ ਵੀ ਚੋਣ ਦੇ ਮਹੱਤਵਪੂਰਨ ਮੁੱਦੇ ਹਨ।

ਇਸ ਵਾਰ ਦੀ ਚੋਣ ਵਿੱਚ ਪੰਜਾਬੀ ਭਾਈਚਾਰੇ ਦੀ ਦਿਲਚਸਪੀ ਵੀ ਵਿਸ਼ੇਸ਼ ਤੌਰ 'ਤੇ ਦੇਖਣ ਨੂੰ ਮਿਲ ਰਹੀ ਹੈ। ਸਰੀ ਦੀ ਬਹੁ-ਸੱਭਿਆਚਾਰਕ ਬਣਤਰ ਵਿੱਚ ਪੰਜਾਬੀ ਭਾਈਚਾਰਾ ਇੱਕ ਮਹੱਤਵਪੂਰਨ ਹਿੱਸਾ ਹੈ ਅਤੇ ਕਈ ਉਮੀਦਵਾਰਾਂ ਦਾ ਧਿਆਨ ਪਰਿਵਾਰਾਂ ਦੀ ਸੁਰੱਖਿਆ, ਕਾਰੋਬਾਰਾਂ ਲਈ ਸੁਖਾਵਾਂ ਮਾਹੌਲ, ਨੌਜਵਾਨਾਂ ਲਈ ਸਹੂਲਤਾਂ, ਆਵਾਜਾਈ, ਰਿਹਾਇਸ਼ ਅਤੇ ਕਮਿਊਨਿਟੀ ਸੇਵਾਵਾਂ ਵੱਲ ਹੈ।

ਚੋਣ ਲਈ ਨਾਮਜ਼ਦਗੀ ਦੀ ਮਿਆਦ 11 ਸਤੰਬਰ ਨੂੰ ਖ਼ਤਮ ਹੋ ਚੁੱਕੀ ਹੈ ਅਤੇ ਹੁਣ ਉਮੀਦਵਾਰਾਂ ਕੋਲ ਆਪਣੀਆਂ ਨੀਤੀਆਂ ਅਤੇ ਚੋਣ ਵਾਅਦੇ ਵੋਟਰਾਂ ਤੱਕ ਪਹੁੰਚਾਉਣ ਲਈ ਸੀਮਤ ਸਮਾਂ ਬਚਿਆ ਹੈ। ਸਿਟੀ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਐਡਵਾਂਸ ਵੋਟਿੰਗ 7, 10, 14 ਅਤੇ 15 ਅਕਤੂਬਰ ਨੂੰ ਹੋਵੇਗੀ, ਜਦਕਿ ਆਮ ਵੋਟਿੰਗ 17 ਅਕਤੂਬਰ ਨੂੰ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਹੋਵੇਗੀ। ਇਸ ਵਾਰ ਸਰੀ ਵਿੱਚ 52 ਵੋਟਿੰਗ ਥਾਵਾਂ ਬਣਾਈਆਂ ਜਾਣਗੀਆਂ।

ਹੁਣ ਜਦੋਂ ਚੋਣ ਮੁਹਿੰਮ ਆਪਣੇ ਅੰਤਿਮ ਪੜਾਅ ਵੱਲ ਵਧ ਰਹੀ ਹੈ, ਸਰੀ ਦੇ ਵੋਟਰਾਂ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਉਹ ਸ਼ਹਿਰ ਦੀ ਅਗਵਾਈ ਕਿਸ ਤਰ੍ਹਾਂ ਦੀ ਟੀਮ ਦੇ ਹੱਥਾਂ ਵਿੱਚ ਦੇਣਾ ਚਾਹੁੰਦੇ ਹਨ। ਸੁਰੱਖਿਆ, ਟੈਕਸ, ਟ੍ਰੈਫਿਕ, ਸਕਾਈਟ੍ਰੇਨ, ਰਿਹਾਇਸ਼, ਬੁਨਿਆਦੀ ਢਾਂਚਾ, ਵੱਡੇ ਵਿਕਾਸ ਪ੍ਰਾਜੈਕਟ ਅਤੇ ਸਕੂਲਾਂ ਦੀਆਂ ਲੋੜਾਂ, ਇਹ ਸਾਰੇ ਮੁੱਦੇ ਆਉਣ ਵਾਲੇ ਦਿਨਾਂ ਵਿੱਚ ਚੋਣ ਬਹਿਸ ਦੇ ਕੇਂਦਰ ਵਿੱਚ ਰਹਿਣ ਦੀ ਸੰਭਾਵਨਾ ਹੈ। ਆਖ਼ਰੀ ਫ਼ੈਸਲਾ 17 ਅਕਤੂਬਰ ਨੂੰ ਸਰੀ ਦੇ ਵੋਟਰਾਂ ਦੇ ਹੱਥ ਹੋਵੇਗਾ।

## " ਅਧਿਆਪਕ ਦਿਵਸ " ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ ਮਿਲਣੀ ਵੈਬੀਨਾਰ ਬਹੁਤ ਪ੍ਰਭਾਵਸ਼ਾਲੀ ਤੇ ਯਾਦਗਾਰੀ ਹੋ ਨਿਬੜਿਆ

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ




ਬਰੇਂਪਟਨ , 15 ਸਤੰਬਰ : ਰਮਿੰਦਰ ਰੰਮੀ ਜੀ ਫ਼ਾਊਂਡਰ , ਪ੍ਰਧਾਨ ਅਤੇ ਪ੍ਰਬੰਧਕ ਸਾਹਿਤਕ ਸਾਂਝਾਂ ਤੇ ਸਮੁੱਚੀ ਪ੍ਰਬੰਧਕੀ ਟੀਮ ਵੱਲੋਂ " ਅਧਿਆਪਕ ਦਿਵਸ " ਨੂੰ ਸਮਰਪਿਤ ਕਾਵਿ ਮਿਲਣੀ ਦਾ 13 ਸਤੰਬਰ ਨੂੰ ਆਯੋਜਨ ਕੀਤਾ ਗਿਆ । ਸੁਪ੍ਰਸਿੱਧ ਸ਼ਾਇਰਾ ਤੇ ਮੰਚ ਦੇ ਸਰਪ੍ਰਸਤ ਸੁਰਜੀਤ ਜੀ ਨੇ , ਆਪਣੀ ਸੰਖੇਪਤਾ ਤੇ ਬੌਧਿਕਤਾ ਭਰਪੂਰ ਸ਼ੈਲੀ ਵਿੱਚ ਅਧਿਆਪਕ ਦਿਵਸ ਦੀ ਮਹੱਤਤਾ ਦੱਸਦਿਆ ਸਾਰੀਆ ਸ਼ਾਮਿਲ ਸਖਸੀਅਤਾਂ ਨੂੰ ਜੀ ਆਇਆਂ ਕਿਹਾ। ਰਮਿੰਦਰ ਰੰਮੀ ਨੇ ਹਾਜ਼ਰੀਨ ਮੈਂਬਰਜ਼ ਨੂੰ ਰਸਮੀ ਜੀ ਆਇਆਂ ਇਹ ਕਹਿ ਕੇ ਕਿਹਾ ਕਿ :-

"ਤੁਸੀਂ ਘਰ ਅਸਾਡੇ ਆਏ , ਅਸੀਂ ਫੁੱਲੇ ਨਹੀਂ ਸਮਾਏ ਤੇ ਫਿਰ ਰਮਿੰਦਰ ਰੰਮੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਹੋ ਰਹੇ ਪ੍ਰੋਗਰਾਮਾਂ ਦੇ ਬਾਰੇ ਵਿੱਚ ਜਾਣਕਾਰੀ ਸਾਂਝੀ ਕੀਤੀ। ਪ੍ਰੋਗਰਾਮ ਨੂੰ ਸ਼ੁਰੂ ਡਾ. ਬਲਜੀਤ ਕੌਰ ਰਿਆੜ ਜੀ ਨੇ ਖੂਬਸੂਰਤ ਸੁਆਗਤੀ ਸ਼ਬਦਾਂ ਦੇ ਨਾਲ ਆਪਣੀ ਹਾਜ਼ਰੀ ਲਵਾਈ। ਪ੍ਰੋਗਰਾਮ ਦਾ ਆਗਾਜ਼ , ਡਾ. ਅਰਮਨਪਰੀਤ ਜੀ ( ਪ੍ਰਿੰਸੀਪਲ)ਨੇ ਅਧਿਆਪਕ ਦੀ ਸ਼ਖ਼ਸੀਅਤ ਬਾਰੇ ਗੀਤ ਗਾ ਕੇ ਸੁਣਾਇਆ । ਪਾਕਿਸਤਾਨ ਤੋਂ ਸ਼ਾਇਰ ਜ਼ਹੀਰ ਉਲ ਹਸਨ ਜ਼ਹੂਰ ਜੀ ਨੇ ਆਪਣੀ ਰਚਨਾ " ਨਾ ਬੋਲਾਂ ਤੇ ਮਰ ਜਾਵਾਗਾਂ" ਜੇ ਬੋਲਾਂ ਤਾਂ ਮਾਰ ਦੇਣਗੇ , ਨਾ ਬੋਲਾਂ ਤਾਂ ਮਰ ਜਾਵਾਂਗਾ। ਕਵਿਤਾ ਬਹੁਤ ਹੀ ਪ੍ਰਭਾਵਸ਼ਾਲੀ ਸੀ। ਖਰੜ ਪੰਜਾਬ ਤੋ ਰੂਪ ਸਾਗਰ ਜੀ ਨੇ ਅੱਖਰ ਸਾਂਝ ਪਵਾਉਣ ਬਾਰੇ ਉਸਤਾਦਾਂ ਨੂੰ ਸਮਰਪਿਤ ਭਾਵਪੂਰਤ ਕਾਵਿ – ਬੋਲ ਸਾਂਝੇ ਕੀਤੇ। ਸੁਰਿੰਦਰ ਸਿੰਘ ਬਟਾਲਾ ਜੀ ਨੇ ਗ਼ਜ਼ਲ ਦੇ ਖੂਬਸੂਰਤ ਸ਼ੇਅਰ ਤੁਰੰਨਮ ਵਿੱਚ ਸੁਣਾ ਕੇ ਹਾਜ਼ਰੀ ਲਵਾਈ। ਨੌਜਵਾਨ ਸ਼ਾਇਰ ਜੈਲੀ ਗੇਰਾ ਜੀ ਨੇ ਆਪਣੀ ਖੂਬਸੂਰਤ ਰਚਨਾ , ਪੰਜਾਬੀਆਂ ਦੇ ਵਿਲੱਖਣ ਗੁਣਾਂ ਨੂੰ ਉਜਾਗਰ ਕਰਦੀ ਰਚਨਾ ,"ਯਾਰ ਪੰਜਾਬੀ " ਸਰੋਤਿਆਂ ਨਾਲ ਸਾਝੀ ਕੀਤੀ। ਮਹਿਕ ਪ੍ਰੀਤ ਕੌਰ ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਵਿੱਦਿਆ ਪ੍ਰਾਪਤ ਕਰ ਰਹੇ ਹਨ ਨੇ ਆਪਣੀ ਰਚਨਾ,"ਅਧਿਆਪਕ ਦੀ ਅੰਦਰੂਨੀ ਪੁਕਾਰ ਨੂੰ ਚਿਤਰਨ ਕਰਦੀ ,"ਮੇਰੀ ਪੁਕਾਰ" ਰਚਨਾ ਸਾਂਝੀ ਕੀਤੀ ।

ਕੈਲਗਰੀ ਤੋਂ ਸੁਖਮੰਦਰ ਸਿੰਘ ਗਿੱਲ ਜੀ ਨੇ ਗੀਤ ," ਕਵਿਤਾ ਹਾਂ ਤੇਰੇ ਮਨ ਦੀ ਪੜ ਕੇ ਦੇਖ ਮੈਨੂੰ" ਹਾਰਮੋਨੀਅਮ ਨਾਲ ਪੇਸ਼ ਕੀਤੀ ਅਤੇ ਸਾਰਿਆਂ ਤੋਂ ਵਾਹ ਵਾਹ ਖੱਟੀ।

ਮਨਿੰਦਰਜੀਤ ਕੌਰ ਪੂਰਨ ਨੇ ,ਆਪਣੀ ਰਚਨਾ ," ਸਹੇਲੀਆਂ ਦੇ ਨਾਮ" ਸਾਂਝੀ ਕੀਤੀ । ਜਲੰਧਰ ਤੋਂ ਤੇਜ ਮੋਹਨ ਸਿੰਘ ਜੀ ਨੇ,ਬਿਰਹਾ ਭਰਪੂਰ ਰਚਨਾ," ਮੇਰੇ ਅੰਦਰੋ ਪੀੜ ਮਿਲੂਗੀ" ਰਮਨਦੀਪ ਕੌਰ ਮਾਹਲ ਜੀ ਨੇ ਆਪਣੀ ਖੂਬਸੂਰਤ ਰਚਨਾ ਨਾਲ ਹਾਜ਼ਰੀ ਲਵਾਈ। ਡਾ ਰੁਪਿੰਦਰ ਜੀ ਨੇ ਆਪਣੀ ਰਚਨਾ ,"ਆਓ ਜੀ ਆਓ ਸਾਰੇ"ਨਾਲ ਗੁਰੂਆਂ ਦੇ ਰੁਤਬੇ ਨੂੰ ਸਿਜਦਾ ਕੀਤਾ ਜੋ ਕਿ ਸਾਡੀ ਜ਼ਿੰਦਗੀ ਨੂੰ ਸ਼ਿੰਗਾਰਦੇ ਹਨ। ਮੁੱਖ ਮਹਿਮਾਨ ਵਿੱਚੋਂ ਡਾ. ਕਰਮਜੀਤ ਕੌਰ ਕਿਸ਼ਾਵਲ ਜੀ ਜੋ ਕਿ ਬਹੁਪੱਖੀ ਪ੍ਰਤਿਭਾ ਹਨ ਨੇ ਨਾਰੀ ਮਨ ਦੇ ਭਾਵਾਂ ਦੀ ਪੇਸ਼ਕਾਰੀ ਕਰਦੀਆਂ ਆਪਣੀ ਰਚਨਾਵਾਂ ਪੇਸ਼ ਕੀਤੀਆਂ। ਉਹਨਾਂ ਅਨੁਸਾਰ ਅਣਵਹੇ ਅੱਥਰੂ ਹੀ ਕਵਿਤਾ ਬਣਦੇ ਹਨ। ਡਾ. ਰੀਵਾ ਦਰਿਆ ਜੀ ਨੇ , ਅਧਿਆਪਕ ਦਿਵਸ ਨੂੰ ਸਮਰਪਿਤ , ਆਪਣੀ ਖੂਬਸੂਰਤ ਰਚਨਾ ਸਾਂਝੀ ਕੀਤੀ । " ਕਵਿਤਾ" ਰਾਹੀਂ ਕਵਿਤਾ ਬਾਰੇ ਆਪਣੇ ਮਨੋਭਾਵ ਸਾਂਝੇ ਕੀਤੇ ਜਿਸਨੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਮੁੱਖ ਮਹਿਮਾਨ , ਵਿਦਵਾਨ ਸ਼ਾਇਰ ਡਾ. ਸੁਹਿੰਦਰਬੀਰ ਜੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਮੰਚ ਦਾ ਸ਼ੁਕਰਾਨਾ ਕਰਦਿਆਂ ਆਪਣੇ ਗੁਰੂ ਡਾ. ਹਰਿਭਜਨ ਸਿੰਘ ਜੀ ਬਾਰੇ ਕੁਝ ਸ਼ੇਅਰ ਉਹਨਾਂ ਦੀ ਦਰਵੇਸ਼ੀ ਪ੍ਰਤਿਭਾ ਦੇ ਨਾਂ ਕੀਤੇ।

"ਬਹਾਰਾਂ ਆਉਣੀਆਂ ਮੁੜਕੇ , ਉਡੀਕਾਂ ਪਾਸ ਤੂੰ ਰੱਖੀ

" ਸਮਕਾਲੀ ਹਾਲਾਤਾਂ ਵਿੱਚ ਜਿਉਣ ਦੀ ਆਸ ਦਾ ਸੁਨੇਹਾ ਦਿੰਦੀਆਂ ਖੂਬਸੂਰਤ ਰਚਨਾ ," ਜਿੰਦੇ ਮੇਰੀਏ" ਨੂੰ ਤਰੁੰਨਮ ਵਿੱਚ ਪੇਸ਼ ਕੀਤੇ ਜਿਸਨੇ ਸਰੋਤਿਆਂ ਨੂੰ ਕੀਲ ਲਿਆ। ਸ੍ਰੀ ਅਜੈਬ ਸਿੰਘ ਚੱਠਾ ਜੀ ਨੇ ਡਾ. ਸੁਹਿੰਦਰਬੀਰ ਸਿੰਘ ਜੀ ਦੀ ਸ਼ਲਾਘਾ ਕੀਤੀ । ਪਿਆਰਾ ਸਿੰਘ ਕੁੱਦੋਵਾਲ ਜੀ ਨੇ ਸਾਰੇ ਸ਼ਾਇਰਾਂ ਦਾ ਧੰਨਵਾਦ ਕਰਦਿਆਂ ਬਹੁਤ ਹਾਂ ਵਿਸ਼ਲੇਸ਼ਣਾਤਮਕ ਅੰਦਾਜ਼ ਵਿਚ ਸਮੁੱਚੀ ਪੇਸ਼ਕਾਰੀ ਦਾ ਸੰਖੇਪ ਸਾਰ ਕੀਤਾ । ਉਹਨਾਂ ਡਾ. ਕੌਂਕੇ ਤੇ ਅਜੈਬ ਸਿੰਘ ਚੱਠਾ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ। ਪ੍ਰੋਗਰਾਮ ਦੇ ਸੁਚੱਜੇ ਸੰਚਾਲਨ ਲਈ ਸੁਰਜੀਤ ਜੀ ਦਾ ਅਤੇ ਪ੍ਰੋਗਰਾਮ ਦੀ ਆਯੋਜਿਕਾ ਰਮਿੰਦਰ ਜੀ ਤੇ ਪੂਰੇ ਪਰਿਵਾਰ ਦੀ ਸ਼ਲਾਘਾ ਕੀਤੀ। ਉਹਨਾਂ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਵਾਲੀ ਹਰ ਸ਼ਖ਼ਸੀਅਤ ਅਤੇ ਪਰਬੰਧਕੀ ਮੈਂਬਰਾਂ ਦਾ ਜ਼ਿਕਰ ਕੀਤਾ ਜੋ ਪ੍ਰੋਗਰਾਮ ਦੀ ਸਫਲਤਾ ਲਈ ਸਹਿਯੋਗ ਦਿੰਦੇ ਹਨ। ਸਮੁੱਚੇ ਰੂਪ ਵਿਚ ਇਹ ਕਾਵਿ ਮਿਲਣੀ ਅਧਿਆਪਕ ਦਿਵਸ ਵਿਚ ਗੁਰੂਆਂ ਨੂੰ ਸਿਜਦਾ ਕਰਦੀ ਪ੍ਰਭਾਵ ਸਾਲ਼ੀ ਹੋ ਨਿੱਬੜੀ । ਪ੍ਰੋਗਰਾਮ ਦਾ ਸੰਚਾਲਨ ਸੁਰਜੀਤ ਜੀ ਨੇ ਬਾਖੂਬੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਸਾਰਿਆਂ ਨੇ ਰਮਿੰਦਰ ਰੰਮੀ ਜੀ ਦਾ ਧੰਨਵਾਦ ਕੀਤਾ। ਰਿੰਟੂ ਭਾਟੀਆ ,ਡਾ . ਅਮਰ ਜੋਤੀ ਮਾਂਗਟ , ਡਾ .ਰਾਜਬੀਰ ਕੌਰ ਗਰੇਵਾਲ , ,ਡਾ . ਪੁਸ਼ਵਿੰਦਰ ਕੌਰ ਖੋਖਰ ਜੀ , ਸਤਬੀਰ ਸਿੰਘ , ਡਾ . ਅਮਰਜੀਤ ਕੌਂਕੇ , ਹਰਭਜਨ ਕੌਰ ਗਿੱਲ , ਪਰਮਜੀਤ ਦਿਓਲ , ਡਾ . ਸਤਿੰਦਰ ਕੌਰ ਕਾਹਲੋਂ , ਗੁਰਦਾਸ ਸਿੰਘ , ਜਗਦੀਪ ਮਾਂਗਟ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਹੋਰ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਇਸ ਵੈਬੀਨਾਰ ਵਿੱਚ ਸ਼ਿਰਕਤ ਕੀਤੀ । ਅਨੇਕਾਂ ਸਰੋਤਿਆ ਨੇ ਫੇਸਬੁੱਕ ਤੇ ਲਾਈਵ ਮਾਧਿਅਮ ਦਾ ਅਨੰਦ ਮਾਣਿਆ। ਇਹ ਰਿਪੋਰਟ ਡਾ. ਪੁਸ਼ਵਿੰਦਰ ਕੌਰ ਖ਼ੋਖਰ ਜੀ ਨੇ, ਰਮਿੰਦਰ ਵਾਲੀਆ ਜੀ ਨੂੰ ਸਾਂਝੀ ਕੀਤੀ। ਧੰਨਵਾਦ ਸਹਿਤ ।

## ਅਮਰੀਕਾ ਵੱਸਦੇ ਲੇਖਕ ਸ. ਧਰਮ ਸਿੰਘ ਗੋਰਾਇਆ ਦੀ ਪੁਸਤਕ "ਰਾਵੀ ਮੇਰੇ ਆਰ ਪਾਰ"ਪ੍ਰੋ.ਗੁਰਭਜਨ ਸਿੰਘ ਗਿੱਲ ਤੇ ਸਾਥੀਆਂ ਵੱਲੋ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 15 ਸਤੰਬਰ : ਮੈਰੀਲੈਂਡ(ਅਮਰੀਕਾ)ਵਾਸੀ ਧਰਮ ਸਿੰਘ ਗੋਰਾਇਆ ਦੀ ਨਵੀਂ ਵਾਰਤਕ ਪੁਸਤਕ " ਰਾਵੀ ਮੇਰੇ ਆਰ ਪਾਰ" ਨੂੰ ਅੰਜ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਲੋਕ ਅਰਪਣ ਕਰਦਿਆਂ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਰਾਵੀ ਦਰਿਆ ਦੇ ਕੰਢੇ ਪਿੰਡ ਰਣਸ਼ੀਂਹ ਕੇ ਮੀਰਾ ਦਾ ਜੰਮਪਲ ਸ. ਗੋਰਾਇਆ ਨੇ ਗੁਰਦਾਸਪੁਰ ਤੋਂ ਗਰੈਜੂਏਸ਼ਨ ਕਰਕੇ ਵੱਡੇ ਵੀਰ ਤੇ ਲੋਕ ਪੱਖੀ ਅਰਥ ਸ਼ਾਸਤਰੀ ਡਾ. ਨਿਰਮਲ ਸਿੰਘ ਆਜ਼ਾਦ ਦੀ ਪ੍ਰੇਰਨਾ ਨਾਲ ਪੰਜਾਬੀ ਯੂਨੀਵਰਸਿਟੀ ਵਿੱਚੋਂ ਪੋਸਟ ਗਰੈਜੂਏਸ਼ਨ ਕਰਨ ਉਪਰੰਤ ਖੋਜੀ ਵਾਰਤਕ ਸਿਰਜਣਾ ਦਾ ਮਾਰਗ ਚੁਣਿਆ ਹੈ। ਇਹ ਸ਼ੁਭ ਸ਼ਗਨ ਹੈ ਕਿ ਰਾਵੀ ਦਰਿਆ, ਇਸ ਨਾਲ ਸਬੰਧਿਤ ਪੰਜਾਬੀ ਲੋਕ ਧਾਰਾ ਅਤੇ ਲੋਕ ਨਾਇਕ ਉਸ ਦੇ ਵਿਸ਼ਲੇਸ਼ਣ ਤੇ ਅਧਿਐਨ ਦਾ ਮਨਪਸੰਦ ਵਿਸ਼ਾ ਬਣੇ ਹਨ।

ਧਰਮ ਸਿੰਘ ਗੋਰਾਇਆ ਦੀ ਸੱਜਰੀ ਕਿਤਾਬ " ਰਾਵੀ ਮੇਰੇ ਆਰ ਪਾਰ" ਇੱਕ ਦਮ ਵੇਖਣ ਨੂੰ ਤਾਂ ਏਦਾਂ ਲੱਗਦੀ ਹੈ ਜਿਵੇਂ ਦਰਿਆ ਰਾਵੀ ਦੇ ਵਹਿਣ ਤੇ ਆਲ ਦੁਆਲੇ ਦੇ ਵਸੇਬ ਬਾਰੇ ਹੋਵੇ ਪਰ ਇਹ ਉਸ ਤੋਂ ਕਿਤੇ ਵਡੇਰੀ ਅਜ਼ਮਤ ਵਾਲੀ ਹੈ।

ਰਾਵੀ ਦੇ ਮੂਲ ਸੋਮੇ ਤੋਂ ਦਰਿਆ ਝਨਾਂ ਤੇ ਅੱਗੇ ਸਿੰਧ ਦਰਿਆ ਵਿੱਚ ਪੈ ਕੇ ਸਾਗਰ ਤੀਕ ਦੀ ਸੰਪੂਰਨ ਵਾਰਤਾ ਇਸ ਕਿਤਾਬ ਵਿੱਚ ਸ਼ਾਮਲ ਹੈ।
ਪ੍ਰੋ. ਗਿੱਲ ਨੇ ਕਿਹਾ ਕਿ ਰਾਵੀ ਦਰਿਆ ਦੇ ਦੋਹੀਂ ਪਾਸੀਂ ਵੱਸਦੇ ਸੂਰਬੀਰਾਂ, ਲਿਖਾਰੀਆਂ, ਖਿਡਾਰੀਆਂ ਅਤੇ ਦੇਸ਼ ਭਗਤਾਂ ਦੇ ਗੋਰਾਇਆ ਜੀ ਵੱਲੋਂ ਲਿਖੇ ਜੀਵੰਤ ਵੇਰਵੇ ਸਾਨੂੰ ਬਹੁਤ ਕੁਝ ਸਮਝਾਉਂਦੇ ਹਨ। ਰਾਵੀ ਕੰਢੇ ਕਰਤਾਰਪੁਰ ਸਾਹਿਬ ਵਿੱਚ ਗੁਰੂ ਨਾਨਕ ਪਾਤਿਸ਼ਾਹ ਵੱਲੋਂ ਕਿਰਤ ਦੀ ਵਿਹਾਰਕ ਸਿੱਖਿਆ, ਨਾਮ ਜਪਣ ਦੇ ਨਾਲ ਨਾਲ ਵੰਡ ਛਕਣ ਦੀ ਮਰਯਾਦਾ ਵੀ ਇਸ ਕਿਤਾਬ ਵਿੱਚੋਂ ਜਾਣ ਤੇ ਮਾਣ ਸਕਦੇ ਹਾਂ। ਰਾਵੀ ਉਹ ਦਰਿਆ ਹੈ ਜਿਸ ਨੇ ਗੁਰੂ ਨਾਨਕ ਪਾਤਿਸ਼ਾਹ ਦੇ ਮੁਖਾਰਬਿੰਦ ਤੋਂ ਉਚਾਰਿਆ "ਜਪੁ ਜੀ ਸਾਹਿਬ " ਕੁੱਲ ਜਗਤ ਤੋਂ ਪਹਿਲਾਂ ਸਰਵਣ ਕੀਤਾ।
ਇਸ ਕਿਤਾਬ ਬਾਰੇ ਬੋਲਦਿਆਂ ਪੰਜਾਬੀ ਸਾਹਿੱਤ ਅਕਾਡਮੀ ਦੇ ਮੀਤ ਪ੍ਰਧਾਨ ਤ੍ਰੈਲੋਚਨ ਲੋਚੀ ਨੇ ਕਿਹਾ ਕਿ ਇਸ ਕਿਤਾਬ ਤੋਂ ਪਹਿਲਾਂ ਸ, ਧਰਮ ਸਿੰਘ ਗੋਰਾਇਆ "ਬੁਲੰਦ ਹਵੇਲੀ","ਗੁਰੀਲਾ ਯੁੱਧ ਕਲਾ ਦੇ ਮੋਢੀ ਚੀ ਗੁਏਰਾ" ਦੀ ਜੀਵਨੀ, "ਅਣਖ਼ੀਲਾ ਧਰਤੀ ਪੁੱਤਰਃ ਦੁੱਲਾ ਭੱਟੀ" "ਰਾਵੀ ਦਾ ਰਾਠਃ ਰਾਏ ਅਹਿਮਦ ਖਾਂ ਖਰਲ","ਜੱਗਾ ਸੂਰਮਾ", "ਲੋਹ ਪੁਰਖ ਮਰਜੀਵੜਾਃ ਤੇਜਾ ਸਿੰਘ ਸੁਤੰਤਰ"ਤੋਂ ਇਲਾਵਾ ਸਵੈ-ਜੀਵਨੀ ਮੂਲਕ ਰਚਨਾ "ਕਰਮਾ " ਵੀ ਲਿਖ ਚੁੱਕੇ ਹਨ।
ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਮੀਤ ਪ੍ਰਧਾਨ ਸ. ਸਹਿਜਪ੍ਰੀਤ ਸਿੰਘ ਮਾਂਗਟ ਨੇ ਕਿਹਾ ਕਿ ਇਤਿਹਾਸਕ ਪ੍ਰਸੰਗ ਵਾਲੀ ਸਿਰਜਣਾਤਮਕ ਵਾਰਤਕ ਲਿਖਣ ਵਿੱਚ ਗੋਰਾਇਆ ਜੀ ਨੇ ਨਿਵੇਕਲੀ ਮੁਹਾਰਤ ਹਾਸਲ ਕੀਤੀ ਹੈ। ਵਿਦਿਆਰਥੀ ਕਾਲ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਕਾਰਕੁਨ ਰਰੇ ਹੋਣ ਕਾਰਨ ਉਨ੍ਹਾਂ ਕੋਲ ਸਮਾਜ ਨੂੰ ਸਮਝਣ ਵਾਲਾ ਸੁਚੇਤ ਤੀਸਰਾ ਨੇਤਰ ਹੈ ਜੋ ਹਮੇਸ਼ਾਂ ਜਾਗਦਾ ਹੈ। ਏਸੇ ਕਰਕੇ ਹੀ ਉਹ ਖਰੇ ਖੋਟੇ ਤੱਥਾਂ ਦੀ ਨਿਰਖ ਪਰਖ ਕਰਨ ਵਿੱਚ ਕਾਮਯਾਬ ਹੈ।
ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ ਨੇ ਕਿਹਾ ਕਿ ਧਰਨ ਸਿੰਘ ਗੋਰਾਇਆ ਪੰਜ ਦਰਿਆਵਾਂ ਦੇ ਪੁੱਤਰਾਂ ਦੀ ਗਾਥਾ ਕਹਿੰਦਾ ਕਹਿੰਦਾ ਹੁਣ ਰਾਵੀ ਦੀ ਜੂਹ ਨੂੰ ਅੰਦਰੋਂ ਬਾਹਰੋਂ ਫੋਲ ਕੇ ਮੁੱਲਵਾਨ ਕਿਰਤ ਲਿਖ ਸਕਿਆ ਹੈ। "ਰਾਵੀ ਮੇਰੇ ਆਰ ਪਾਰ" ਲਿਖ ਕੇ ਉਹ ਦਰਦ ਦੇ ਦਸਤਾਵੇਜ ਦੇ ਨਾਲ ਨਾਲ ਮੁਹੱਬਤ ਦਾ ਇਕਰਾਰਨਾਮਾ ਵੀ ਬਣਾ ਸਕਿਆ ਹੈ।
ਧੰਨਵਾਦ ਦੇ ਸ਼ਬਦ ਬੋਲਦਿਆਂ ਅਮਰੀਕਾ ਤੋਂ ਆਏ ਇਸ ਪੁਸਤਕ ਦੇ ਲੇਖਕ ਸ. ਧਰਮ ਸਿੰਘ ਗੋਰਾਇਆ ਨੇ ਕਿਹਾ ਕਿ ਇਹ ਕਿਤਾਬ ਲਿਖ ਕੇ ਮੈਂ ਰਾਵੀ ਦਰਿਆ ਅਤੇ ਇਸ ਦੇ ਚੌਗਿਰਦੇ ਤੋਂ ਰਿਣ ਮੁਕਤ ਹੋਣਾ ਦੀ ਕੋਸ਼ਿਸ਼ ਕੀਤੀ ਹੈ। ਮੈਂ ਅਮਰੀਕਾ ਵਿੱਚ ਰਹਿੰਦਿਆਂ ਵੀ ਪੰਜਾਬ ਦੇ ਰਾਵੀ ਖ਼ਿੱਤੇ ਦੇ ਕਣ ਕਣ ਤੋਂ ਜਾਣੂੰ ਹਾਂ। ਦੇਸ਼ ਵੰਡ ਨੇ ਭਾਵੇਂ "ਰਾਵੀ" ਨੂੰ ਸਰਹੱਦ ਬਣਾ ਧਰਿਆ ਪਰ ਮੈਂ ਇਸ ਨੂੰ ਦੋ ਵਤਨਾਂ ਦੇ ਆਰ ਪਾਰ ਲੰਘੀ ਬਰਛੀ ਵਾਂਗ ਵੇਖਣ ਕਰਕੇ ਹੀ ਮਹਿਸੂਸ ਕਰਦਾ ਹਾਂ ਕਿ "ਰਾਵੀ ਮੇਰੇ ਆਰ -ਪਾਰ" ਵੱਸਦੀ ਹੈ।

ਵਰਲਡ ਪੰਜਾਬੀ ਟਾਈਮਜ਼ 15 ਸਤੰਬਰ 2026 ਦਿਨ ਮੰਗਲਵਾਰ

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਪਾਕਿ-ਪਟਨ ਮੈਂ ਆ ਨਹੀਂ ਸਕਿਆ ਆਪਣੇ ਪਿੰਡ ਤੋਂ ਯਾਰ ਫ਼ਰੀਦਾ।
ਚੰਗਾ ਕੀਤਾ, ਦਰਸ਼ਨ ਦਿੱਤੇ ਲਹਿ ਗਿਆ ਰੂਹ ਤੋਂ ਭਾਰ ਫ਼ਰੀਦਾ।

ਅੱਠ ਸਦੀਆਂ ਤੋਂ ਬਾਦ ਅਜੇ ਵੀ ਮਾਂ ਬੋਲੀ ਗੋਲੀ ਦੀ ਗੋਲੀ,
ਸਾਡੇ ਹਾਕਮ ਨੂੰ ਸਮਝਾਈਂ ਜੋੜੀਂ ਟੁੱਟੀ ਤਾਰ ਫ਼ਰੀਦਾ।

ਵੇਦ ਕਤੇਬ ਸੁਣਾ ਕੇ ਸਾਨੂੰ, ਲੈਣ ਪਦਾਰਥ ਸ਼ਰਧਾ ਬਦਲੇ,
ਪੰਡਿਤ ਮੁੱਲਾਂ ਭਾਈਆਂ ਨੂੰ ਕਹਿ, ਧਰਮ ਨਹੀਂ ਰੁਜ਼ਗਾਰ ਫ਼ਰੀਦਾ।

ਰਾਜ ਕਰਦਿਆਂ ਲੋਕਾਂ ਨੇ ਹੁਣ, ਸਗਲ ਪੁਜਾਰੀ ਕੀਲ ਬਿਠਾਏ,
ਮਰਯਾਦਾ ਤੇ ਸ਼ਰਮ ਵਿਸਾਰੀ, ਕਰਦੇ ਮਾਰੋ ਮਾਰ ਫ਼ਰੀਦਾ।

ਧਰਮਸਾਲ ਚੋਂ ਧਰਮ ਗੁਆਚਾ, ਸ਼ਬਦ ਹਨ੍ਹੇਰੇ ਅੰਦਰ ਡੁੱਬਿਆ,
ਸਿਰ ਬੱਧੀ ਦਸਤਾਰ ਪਾਟ ਹਈ, ਚੁੰਨੀ ਤਾਰੋ ਤਾਰ ਫ਼ਰੀਦਾ।

ਸ਼ੱਕਰ ਗੰਜ ਨੂੰ ਮੁਸਲਿਮ ਆਖਣ, ਮੈਨੂੰ ਸਿੱਖ, ਈਸਾਈ, ਹਿੰਦੂ,
ਕਿੱਥੋਂ ਕਿੱਧਰ ਤੁਰ ਪਏ ਸਾਰੇ, ਇਹ ਮੇਰੇ ਮਨ ਭਾਰ ਫ਼ਰੀਦਾ।

ਤੇਰੇ ਤੋਂ ਦੱਸ ਕਾਹਦਾ ਓਹਲਾ, ਕੂੜਾ ਵਣਜ ਵਿਹਾਜ ਰਹੇ ਹਾਂ,
ਭਟਕਣ ਵਿੱਚ ਹੈ ਏਸੇ ਕਰਕੇ, ਸਾਡਾ ਦਿਲ-ਦਰਬਾਰ ਫ਼ਰੀਦਾ।

ਤੇਰੀ ਬਖ਼ਸ਼ੀ ਮਿੱਠੀ ਬਾਣੀ, ਮਾਖਿਉਂ ਹੈ ਵਿਸਮਾਦ ਸਦੀਵੀ,
ਤਾਂਹੀਂਉਂ ਹਰ ਪਲ ਤਾਰ ਟੁਣਕਦੀ, ਰੂਹ ਦੇ ਅੰਦਰਵਾਰ ਫ਼ਰੀਦਾ।

ਬਾਬਾ! ਤੂੰ ਤੇ ਸ਼ਬਦ ਹਿਮਾਲਾ, ਪਹਿਲ ਪਲੇਠੀ ਨੂਰੀ ਟੀਸੀ,
ਜਿੰਨੀ ਵਾਰ ਪੜ੍ਹਾਂ ਜਾਂ ਸੁਣਦਾਂ, ਮੈਂ ਜਾਵਾਂ ਬਲਿਹਾਰ ਫਰੀਦਾ।

## ਆਰਾਮ ਦੀ ਲੋੜ ਮਨ ਨੂੰ ਹੈ, ਸਰੀਰ ਨੂੰ ਨਹੀਂ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਅਸਲ ਆਰਾਮ ਕੀ ਹੈ? ✨

ਅਸਲ ਆਰਾਮ ਉਹ ਹੈ,
ਜਿਸ ਨਾਲ ਦਿਲ ਖਿੜ ਜਾਵੇ,
ਮਨ ਨਵਾਂ-ਨਰੋਆ ਹੋ ਜਾਵੇ।

ਲੋਕ ਸਮਝਦੇ ਹਨ ਸਰੀਰ ਆਰਾਮ ਕਰਦਾ ਹੈ,
ਉਹ ਭੁਲੇਖੇ ਵਿੱਚ ਹਨ।

ਸਰੀਰ ਤਾਂ ਆਪਣੇ ਆਪ ਵਿੱਚ ਜੜ੍ਹ ਵਸਤੂ ਹੈ,
ਜਿਸ ਵਿੱਚ ਮਹਿਸੂਸ ਕਰਨ ਦੀ ਸ਼ਕਤੀ ਹੀ ਨਹੀਂ।
ਸਰੀਰ ਤਾਂ ਕੇਵਲ ਸਾਡੇ ਮਨ ਦਾ ਪਰਛਾਵਾਂ ਹੈ।

ਪਰਛਾਵੇਂ ਦਾ ਕੰਮ ਹੁਕਮ ਮੰਨਣਾ ਜਾਂ ਨਕਲ ਕਰਨਾ ਹੁੰਦਾ ਹੈ।
ਕਦੇ ਸ਼ੀਸ਼ੇ ਅੱਗੇ ਖੜ੍ਹ ਕੇ ਦੇਖੋ –
ਜੇ ਤੁਸੀਂ ਹੱਸੋਗੇ ਤਾਂ ਪਰਛਾਵਾਂ ਵੀ ਹੱਸੇਗਾ।
ਜੋ ਤੁਸੀਂ ਕਰੋਗੇ, ਉਹੀ ਤੁਹਾਡਾ ਪਰਛਾਵਾਂ ਕਰੇਗਾ।

ਜੇ ਮਨ ਖੁਸ਼ ਹੈ ਤਾਂ ਸਰੀਰ ਵੀ ਖੁਸ਼ ਹੈ।
ਜੇ ਮਨ ਰੋਗੀ ਹੈ ਤਾਂ ਸਰੀਰ ਵੀ ਬਿਮਾਰ ਹੈ।

ਆਰਾਮ ਦੀ ਲੋੜ ਤਾਂ ਸਾਡੇ ਮਨ ਨੂੰ ਹੁੰਦੀ ਹੈ।
ਜਦੋਂ ਮਨ ਵਿੱਚ ਪਰੇਸ਼ਾਨੀ, ਚਿੰਤਾ, ਫਿਕਰ ਹੋਵੇ,
ਤਾਂ ਪਲੰਘ ਉੱਤੇ ਸਰੀਰ ਲੇਟਿਆ ਹੋਵੇ ਫਿਰ ਵੀ ਚੈਨ ਨਹੀਂ ਆਉਂਦਾ, ਨੀਂਦ ਨਹੀਂ ਆਉਂਦੀ।

ਮਨ ਵਿੱਚੋਂ ਚਿੰਤਾ-ਫਿਕਰ ਦੂਰ ਹੋ ਜਾਵੇ ਤਾਂ
ਮਨ ਤੰਦਰੁਸਤ ਹੋ ਜਾਂਦਾ ਹੈ, ਤੇ ਸਰੀਰ ਆਪੇ ਹੀ ਤੰਦਰੁਸਤ ਹੋ ਜਾਂਦਾ ਹੈ।

ਇਸ ਲਈ ਸੋਚੋ – ਜਿਉਂਦੇ ਜੀ ਗ਼ਮਾਂ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ?

## ਖੇਡਾਂ ਵਤਨ ਪੰਜਾਬ ਦੀਆਂ 2026 ਦੇ 8ਵੇਂ ਦਿਨ ਬਲਾਕ ਪੱਧਰੀ ਖੇਡਾਂ ਕਰਵਾਈਆਂ ਗਈਆਂ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ ,15 ਸਤੰਬਰ : 8ਵੇਂ ਦਿਨ ਪਟਿਆਲਾ ਦੇ ਤਿੰਨ ਬਲਾਕਾਂ ਸਮਾਣਾ, ਪਾਤੜਾਂ ਅਤੇ ਭੁਨਰਹੇੜੀ ਵਿਖੇ ਬਲਾਕ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਜਿਹਨਾਂ ਵਿੱਚ ਵੱਖ-ਵੱਖ ਉਮਰ ਵਰਗ ਵਿੱਚ ਐਥਲੈਟਿਕਸ, ਫੁੱਟਬਾਲ, ਖੋ-ਖੋ, ਕਬੱਡੀ ਨੈਸ਼ਨਲ ਸਟਾਇਲ, ਕਬੱਡੀ ਸਰਕਲ ਸਟਾਇਲ, ਵਾਲੀਬਾਲ ਸ਼ੂਟਿੰਗ ਅਤੇ ਵਾਲੀਬਾਲ ਸਮੈਸ਼ਿੰਗ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਇਸਦੇ ਨਾਲ ਹੀ ਨਾਭਾ, ਸ਼ੰਭੂ ਕਲਾਂ, ਸਨੌਰ, ਘਨੌਰ, ਭੁਨਰਹੇੜੀ ਬਲਾਕਾਂ ਵਿੱਚ ਟੈਨਿਸ ਬਾਲ ਕ੍ਰਿਕਟ ਗੇਮ ਵੀ ਕਰਵਾਈ ਜਾ ਰਹੀ ਹੈ।

ਇਹਨਾਂ ਖੇਡਾਂ ਬਾਰੇ ਜਾਣਕਾਰੀ ਦਿੰਦਿਆਂ ਜਿਲ੍ਹਾ ਖੇਡ ਅਫਸਰ, ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਬਲਾਕ ਪਾਤੜਾਂ ਦੇ ਮੁੱਖ ਮੰਤਰੀ ਖੇਡ ਸਟੇਡੀਅਮ ਪਿੰਡ ਦੇਧਨਾ ਵਿਖੇ ਅੱਜ ਬਲਾਕ ਪੱਧਰੀ ਖੇਡਾਂ ਦਾ ਉਦਘਾਟਨ ਮਾਣਯੋਗ ਐਮ.ਐਲ.ਏ ਸ਼ੁਤਰਾਣਾ ਸ੍ਰੀ ਕੁਲਵੰਤ ਸਿੰਘ ਅਤੇ ਸਮਾਣਾ ਵਿਖੇ ਮਾਣਯੋਗ ਐਮ.ਐਲ.ਏ. ਚੇਤਨ ਸਿੰਘ ਜੋੜਾਮਾਜਰਾ ਵੱਲੋਂ ਕੀਤਾ ਗਿਆ। ਬਲਾਕ ਭੁਨਰਹੇੜੀ ਵਿਖੇ ਰਣਜੋਧ ਸਿੰਘ ਹੰਡਾਣਾ ਹਲਕਾ ਇੰਚਾਰਜ ਸਨੌਰ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ।




ਬਲਾਕ ਸਮਾਣਾ ਵਿਖੇ ਲੜਕੀਆਂ ਐਥਲੈਟਿਕਸ ਗੇਮ ਉਮਰ ਵਰਗ ਅੰਡਰ-21 ਈਵੈਂਟ 100 ਮੀਟਰ ਵਿੱਚ ਪ੍ਰੀਤੀ ਰਾਣੀ ਨੇ ਪਹਿਲਾ ਸਥਾਨ, ਸਨੇਹਾ ਕੌਰ ਨੇ ਦੂਸਰਾ ਸਥਾਨ ਅਤੇ ਖੁਸ਼ੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੰਡਰ-17 ਈਵੈਂਟ 100 ਮੀਟਰ ਵਿੱਚ ਪਰਾਨਵੀ ਗੋਇਲ ਅਤੇ ਹਰਮੀਤ ਕੌਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਈਵੈਂਟ 100 ਮੀਟਰ ਲੜਕਿਆਂ ਵਿੱਚ ਹਰਜੋਤ ਸਿੰਘ ਨੇ ਪਹਿਲਾ ਸਥਾਨ, ਸਮਰਵੀਰ ਸਿੰਘ ਨੇ ਦੂਸਰਾ ਸਥਾਨ ਅਤੇ ਹਰਮਨ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਅੰਡਰ-21 ਲੜਕਿਆਂ ਵਿੱਚ ਹਰਦੀਪ ਸਿੰਘ ਨੇ ਪਹਿਲਾ ਸਥਾਨ, ਸਨਮਪ੍ਰੀਤ ਸਿੰਘ ਨੇ ਦੂਸਰਾ ਸਥਾਨ ਅਤੇ ਹਰਪ੍ਰੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਉਮਰ ਵਰਗ 21-30 ਮੈਨ ਵਿੱਚ ਮਨਿੰਦਰ ਸਿੰਘ ਨੇ ਪਹਿਲਾ ਸਥਾਨ, ਆਰਿਅਨ ਕੁਮਾਰ ਗੋਇਲ ਨੇ ਦੂਸਰਾ ਸਥਾਨ ਅਤੇ ਕਰਨਜੋਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਬਲਾਕ ਸਨੌਰ ਵਿਖੇ ਟੈਨਿਸ ਬਾਲ ਕ੍ਰਿਕਟ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਨੌਰ ਦੀ ਟੀਮ ਨੇ ਸੁਸ਼ੀਲਾ ਦੇਵੀ ਸਕੂਲ ਦੀ ਟੀਮ ਨੂੰ ਹਰਾਇਆ ਅਤੇ ਬੋਲੜ ਕਲਾਂ ਦੀ ਟੀਮ ਨੇ ਜੇਮਜ ਪਬਲਿਕ ਸਕੂਲ ਸਨੌਰ ਦੀ ਟੀਮ ਨੂੰ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।

ਬਲਾਕ ਘਨੌਰ ਵਿਖੇ ਯੂਨੀਵਰਸਿਟੀ ਕਾਲਜ ਟੀਮ ਏ ਨੇ ਯੂਨੀਵਰਸਿਟੀ ਕਾਲਜ ਟੀਮ ਬੀ ਨੂੰ 10 ਸਕੋਰਾਂ ਨਾਲ ਟੈਨਿਸ ਬਾਲ ਕ੍ਰਿਕਟ ਵਿੱਚ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਸੇ ਤਰ੍ਹਾਂ ਪੀ.ਐਮ.ਸ੍ਰੀ ਸਕੂਲ ਘਨੌਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਪੜ ਨੇ 7 ਵਿਕਟਾਂ ਨਾਲ ਹਰਾਇਆ।

ਬਲਾਕ ਭੁਨਰਹੇੜੀ ਵਿਖੇ ਗੇਮ ਖੋ-ਖੋ ਅੰਡਰ-17 ਲੜਕਿਆਂ ਵਿੱਚ ਭਗਵਾਨ ਜੱਟਾ ਸਕੂਲ ਦੀ ਟੀਮ ਨੇ ਪਹਿਲਾ ਸਥਾਨ ਅਤੇ ਬੀ.ਐਸ.ਸੰਧੂ ਸਕੂਲ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਸੇ ਤਰ੍ਹਾਂ ਅੰਡਰ-14 ਲੜਕਿਆਂ ਵਿੱਚ ਬੀ.ਐਸ. ਸੰਧੂ ਸਕੂਲ ਦੀ ਟੀਮ ਨੇ ਪ੍ਰੀਸੇਜ ਸਕੂਲ ਨੂੰ 09 ਸਕੋਰਾਂ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ। ਅੰਡਰ-21 ਲੜਕਿਆਂ ਵਿੱਚ ਫੁੱਟਬਾਲ ਗੇਮ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਡਾਣਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

## ਡਾ. ਦੇਵਿੰਦਰ ਸੈਫ਼ੀ ਦਾ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਰੂ ਬ ਰੂ

### ਯੂਨੀਵਰਸਿਟੀ ਦੇ ਪੱਤਰਕਾਰਤਾ ਵਿਭਾਗ ਵੱਲੋਂ ਕੀਤਾ ਗਿਆ ਵਿਸ਼ੇਸ਼ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 15 ਸਤੰਬਰ : ਫ਼ਰੀਦਕੋਟ ਜਿਲੇ ਦੇ ਪਿੰਡ ਮੋਰਾਂਵਾਲੀ ਦੇ ਬਸ਼ਿੰਦੇ ਉੱਘੇ ਸਾਹਿਤਕਾਰ ਡਾ. ਦੇਵਿੰਦਰ ਸੈਫ਼ੀ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਭਾਗ ਵਿਖੇ ਖੋਜ ਵਿਦਿਆਰਥੀਆਂ ਦੇ ਰੂ-ਬ-ਰੂ ਹੋਏ। ਇਸ ਦੌਰਾਨ ਉਹਨਾਂ ਪੰਜਾਬੀ ਪੱਤਰਕਾਰਤਾ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ, ਫਰੀਦਕੋਟ ਇਲਾਕੇ ਦੇ ਨਿਰਪੱਖ ਪੱਤਰਕਾਰਾਂ, ਪੰਜਾਬ ਦੇ ਨਿਧੜਕ ਅਖ਼ਬਾਰਾਂ ਬਾਰੇ ਵੀ ਚਰਚਾ ਕੀਤੀ। ਇਸ ਮੌਕੇ ਉਹਨਾਂ ਆਪਣੀ ਚਰਚਿਤ ਨਵੀਂ ਪੁਸਤਕ *ਮੁਹੱਬਤ ਨੇ ਕਿਹਾ* ਦੀਆਂ ਕੁਝ ਕਵਿਤਾਵਾਂ ਪੰਜਾਬੀ ਮੂਲ ਅਤੇ ਹਿੰਦੀ ਵਿੱਚ ਉਲਥਾ ਕੇ ਸੁਣਾਈਆਂ। ਵਿਦਿਆਰਥੀ ਅਤੇ ਪ੍ਰੋਫ਼ੈਸਰ ਸਾਹਿਬਾਨ ਕਾਵਿ ਪੇਸ਼ਕਾਰੀ ਦੀ ਨਿਰੰਤਰ ਫ਼ਰਮਾਇਸ਼ ਕਰਦੇ ਹੋਏ ਭਰਪੂਰ ਦਾਦ ਦਿੰਦੇ ਰਹੇ। ਡਾ. ਸੈਫ਼ੀ ਨੇ ਦੱਸਿਆ ਕਿ ਇਸ ਸਮੇਂ *ਜੋ ਮੁਹੱਬਤ ਨਹੀਂ ਕਰਦੇ* ਨਾਮੀ ਲੰਬੀ ਕਵਿਤਾ ਸੁਣਾਈ ਤਾਂ ਇਸਦੀ ਹਰ ਸਤਰ ਉੱਪਰ ਤਾੜੀਆਂ ਦੀ ਗੂੰਜ਼ ਸੁਣਦੀ ਰਹੀ ਅਤੇ ਅਜੀਬ ਤਰ੍ਹਾਂ ਉਤਸੁਕਤਾ ਨਜ਼ਰ ਆਉਂਦੀ ਰਹੀ। ਵਿਭਾਗ ਦੇ ਮੁਖੀ ਡਾ. ਗਿਆਨ ਪ੍ਰਕਾਸ਼ ਨੇ ਡਾ. ਸੈਫ਼ੀ ਦੀ ਨਵੇਂ ਢੰਗ ਦੀ ਕਵਿਤਾ ਦੀ ਮਹਿਮਾ ਕਰਦਿਆਂ ਇਸ ਕਵਿਤਾ ਨੂੰ ਭਾਰਤੀ ਗਿਆਨ ਪ੍ਰੰਪਰਾ, ਦਾਰਸ਼ਨਿਕਤਾ, ਇਤਿਹਾਸ ਮਿਥਿਹਾਸ, ਸਾਂਝੀਵਾਲਤਾ, ਸੰਸਕ੍ਰਿਤੀ, ਮਾਨਵੀ ਮੁਹੱਬਤ ਤੇ ਕ੍ਰਾਂਤੀ ਦਾ ਅਜੀਬ ਸੰਗਮ ਕਿਹਾ। ਪ੍ਰੋਫ਼ੈਸਰ ਸ਼ੋਭਨਾ ਨਾਰਲੀਕਰ, ਪ੍ਰੋਫ਼ੈਸਰ ਬਾਲਾ ਲਖੇਂਦਰੂ, ਅਸਿ. ਪ੍ਰੋਫ਼ੈਸਰ ਸ਼ਵੇਤਾਂਕ ਮਿਸ਼ਰਾ ਨੇ ਡਾ. ਸੈਫ਼ੀ ਦਾ ਵਿਸ਼ੇਸ਼ ਅਭਿਨੰਦਨ ਅਤੇ ਸਨਮਾਨ ਕੀਤਾ।

## ਬਾਬਾ ਫ਼ਰੀਦ ਆਗਮਨ-ਪੁਰਬ ਮੌਕੇ ਸਕੂਲੀ ਬੱਚਿਆਂ ਦੀ ਲੇਖ ਅਤੇ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ

### ਬਾਬਾ ਫ਼ਰੀਦ ਜੀ ਦੇ ਜੀਵਨ, ਸਿਧਾਂਤਾਂ ਅਤੇ ਸ਼ਬਦਾਂ ‘ਤੇ ਅਧਾਰਿਤ ਸਨ ਮੁਕਾਬਲੇ : ਸਿਮਰਜੀਤ ਸਿੰਘ ਸੇਖੋਂ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਫ਼ਰੀਦਕੋਟ, 15 ਸਤੰਬਰ : ਬਾਬਾ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਨਗਰੀ ਫਰੀਦਕੋਟ ਵਿਖੇ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸਕੂਲੀ ਬੱਚਿਆਂ ਦੇ ਲੇਖ ਅਤੇ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ। ਬਾਬਾ ਫਰੀਦ ਧਾਰਮਿਕ ਤੇ ਵਿਦਿਅਕ ਸੰਸਥਾਵਾਂ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਜੀ ਦੀ ਰਹਿਨੁਮਾਈ ਹੇਠ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਦੌਰਾਨ ਫ਼ਰੀਦਕੋਟ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਉਹਨਾਂ ਨੇ ਦੱਸਿਆ ਕਿ ਅੱਜ ਦੇ ਇਹ ਮੁਕਾਬਲੇ ਬਾਬਾ ਫ਼ਰੀਦ ਜੀ ਦੇ ਜੀਵਨ, ਸਿਧਾਂਤਾਂ ਅਤੇ ਸ਼ਬਦਾਂ ‘ਤੇ ਅਧਾਰਿਤ ਸਨ ਅਤੇ ਉਹਨਾਂ ਕਿਹਾ ਕਿ 16 ਸਤੰਬਰ ਨੂੰ ਭਾਸ਼ਣ ਮੁਕਾਬਲੇ ਅਤੇ 17 ਸਤੰਬਰ ਨੂੰ ਸ਼ਬਦ ਗਾਇਣ ਮੁਕਾਬਲੇ ਵੀ ਬਾਬਾ ਫਰੀਦ ਜੀ ਦੇ ਸਲੋਕਾਂ ਅਤੇ ਸ਼ਬਦਾਂ ‘ਤੇ ਹੀ ਅਧਾਰਿਤ ਹੋਣਗੇ। ਉਹਨਾਂ ਕਿਹਾ ਕਿ ਅੱਜ ਲੇਖ ਅਤੇ ਪ੍ਰਸ਼ਨੋਤਰੀ ਮੁਕਾਬਲੇ ਦੌਰਾਨ ਵੀ ਵਿਦਿਆਰਥੀਆਂ ਨੇ ਆਪਣੀ ਸੂਖਮ ਦ੍ਰਿਸ਼ਟੀ ਅਤੇ ਉਚੇਰੀ ਸੂਝ-ਬੂਝ ਦਾ ਪ੍ਰਗਟਾਵਾ ਕਰਦਿਆਂ ਸਵਾਲਾਂ ਦੇ ਜਵਾਬ ਬਹੁਤ ਹੀ ਖ਼ੂਬਸੂਰਤੀ ਨਾਲ ਦਿੱਤੇ ਹਨ। ਇਨ੍ਹਾਂ ਸਾਰੇ ਮੁਕਾਬਲਿਆਂ ਦਾ ਨਤੀਜਾ ਮਿਤੀ 17 ਸਤੰਬਰ, ਦਿਨ ਵੀਰਵਾਰ ਨੂੰ ਐਲਾਨਿਆ ਜਾਵੇਗਾ ਅਤੇ 23 ਸਤੰਬਰ ਨੂੰ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਜਾਣਗੇ। ਜਿਸ ਵਿੱਚ ਪਹਿਲਾ ਦਰਜਾ 10,000/-, ਦੂਜਾ ਦਰਜਾ 7000/- ਅਤੇ ਤੀਜਾ ਦਰਜਾ 5000/- ਦੀ ਨਕਦ ਰਾਸ਼ੀ ਅਤੇ ਸਰਟੀਫਿਕੇਟ ਨਾਲ ਜੇਤੂ ਵਿਦਿਆਰਥੀਆਂ ਨੂੰ 23 ਸਤੰਬਰ ਨੂੰ ਗੁਰਦੁਆਰਾ ਗੋਦੜੀ ਸਾਹਿਬ ਦੇ ਦੀਵਾਨ ਹਾਲ ਵਿਖੇ ਸਨਮਾਨਿਤ ਕੀਤਾ ਜਾਵੇਗਾ। ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਜੀ ਨੇ ਆਏ ਹੋਏ ਸਮੂਹ ਵਿਦਿਆਰਥੀਆਂ, ਵਿੱਦਿਅਕ ਅਦਾਰਿਆਂ ਦੇ ਮੁਖੀਆਂ ਦਾ ਧੰਨਵਾਦ ਕਰਦਿਆਂ ਆਪਣਾ ਅਸ਼ੀਰਵਾਦ ਦਿੱਤਾ। ਇਸ ਮੌਕੇ ਕਮੇਟੀ ਮੈਂਬਰਜ਼ ਸ. ਚਰਨਜੀਤ ਸਿੰਘ ਸੇਖੋਂ, ਸ. ਸੁਰਿੰਦਰ ਸਿੰਘ ਰੋਮਾਣਾ, ਡਾ. ਗੁਰਇੰਦਰ ਮੋਹਨ ਸਿੰਘ, ਸ. ਦੀਪਇੰਦਰ ਸਿੰਘ ਸੇਖੋਂ, ਸ. ਕੁਲਜੀਤ ਸਿੰਘ ਮੰਗੀਆਂ, ਸ. ਗੁਰਜਾਪ ਸਿੰਘ ਸੇਖੋਂ ਅਤੇ ਸ. ਨਰਿੰਦਰ ਪਾਲ ਸਿੰਘ ਬਰਾੜ ਆਦਿ ਵੀ ਹਾਜ਼ਰ ਸਨ।

## ਲੁਧਿਆਣਾ ਦੀ ਜ਼ਿਲ੍ਹਾ ਪੱਧਰੀ ਕਮੇਟੀ ਨੇ ਪੰਜਾਬ ਸਰਕਾਰ ਦੀਆਂ ਉਦਯੋਗਿਕ ਅਤੇ ਵਪਾਰਕ ਵਿਕਾਸ ਨੀਤੀਆਂ ਤਹਿਤ ਉਦਯੋਗਿਕ ਰਿਆਇਤਾਂ ਨੂੰ ਮਨਜ਼ੂਰੀ ਦਿੱਤੀ।

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ, 15 ਸਤੰਬਰ : ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ ਦੀ ਪ੍ਰਧਾਨਗੀ ਹੇਠ ਲੁਧਿਆਣਾ ਦੀ ਜ਼ਿਲ੍ਹਾ ਪੱਧਰੀ ਕਮੇਟੀ (D L C) ਨੇ ਪੰਜਾਬ ਸਰਕਾਰ ਦੀਆਂ ਉਦਯੋਗਿਕ ਅਤੇ ਵਪਾਰਕ ਵਿਕਾਸ ਨੀਤੀਆਂ (IBDP) ਤਹਿਤ ਉਦਯੋਗਿਕ ਇਕਾਈਆਂ ਲਈ ਵਿੱਤੀ ਰਿਆਇਤਾਂ ਦੇ ਕਈ ਮਾਮਲਿਆਂ ਨੂੰ ਮਨਜ਼ੂਰੀ ਦਿੱਤੀ।

ਮੀਟਿੰਗ ਦੌਰਾਨ, ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ ਨੇ ਰੈਗੂਲੇਟਰੀ ਮਨਜ਼ੂਰੀਆਂ ਨਾਲ ਸਬੰਧਤ ਲੰਬਿਤ ਅਰਜ਼ੀਆਂ ਦੀ ਸਮੀਖਿਆ ਵੀ ਕੀਤੀ ਅਤੇ ਸਬੰਧਤ ਵਿਭਾਗਾਂ ਨੂੰ ਮਨਜ਼ੂਰੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਮਨਜ਼ੂਰੀਆਂ ਨਿਰਧਾਰਤ ਸਮੇਂ ਦੇ ਅੰਦਰ ਦਿੱਤੀਆਂ ਜਾਣ। ਉਨ੍ਹਾਂ ਜ਼ੋਰ ਦਿੱਤਾ ਕਿ ਲੁਧਿਆਣਾ ਜ਼ਿਲ੍ਹੇ ਵਿੱਚ ਨਵੇਂ ਨਿਵੇਸ਼ ਨੂੰ ਸੁਖਾਲਾ ਬਣਾਉਣ, ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਕਾਰੋਬਾਰ ਕਰਨ ਦੀ ਸੌਖ (ease of doing business) ਨੂੰ ਮਜ਼ਬੂਤ ਕਰਨ ਲਈ ਸਮੇਂ ਸਿਰ ਰੈਗੂਲੇਟਰੀ ਮਨਜ਼ੂਰੀਆਂ ਬਹੁਤ ਜ਼ਰੂਰੀ ਹਨ। ਮੁੱਖ ਮਨਜ਼ੂਰੀਆਂ ਵਿੱਚ, ਮੈਸਰਜ਼ ਕੁਮਾਰ ਐਕਸਪੋਰਟਸ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ, ਦੋਰਾਹਾ – ਜੋ ਕਿ ਲਗਭਗ 717.74 ਕਰੋੜ ਰੁਪਏ ਦੇ ਨਿਵੇਸ਼ ਵਾਲੀ ਇੱਕ ਨਵੀਂ ਨਿਰਮਾਣ ਇਕਾਈ ਹੈ – ਨੂੰ IBDP-2017 ਤਹਿਤ ਸੱਤ ਸਾਲਾਂ ਲਈ ਬਿਜਲੀ ਡਿਊਟੀ (Electricity Duty) ਤੋਂ 100% ਛੋਟ ਦਿੱਤੀ ਗਈ।

ਮੈਸਰਜ਼ ਚੌਧਰੀ ਸਟੀਲ ਇੰਡਸਟਰੀਜ਼, ਖੰਨਾ – ਜੋ ਕਿ ਸਟੀਲ ਉਤਪਾਦਾਂ ਦਾ ਨਿਰਮਾਣ ਕਰਨ ਵਾਲੀ ਇੱਕ ਨਵੀਂ MSME ਇਕਾਈ ਹੈ – ਲਈ IBDP-2022 ਤਹਿਤ ਬਿਜਲੀ ਡਿਊਟੀ ਛੋਟ ਨੂੰ ਮਨਜ਼ੂਰੀ ਦਿੱਤੀ ਗਈ। ਮੈਸਰਜ਼ ਆਦਿਤਿਆ ਇੰਟਰਨੈਸ਼ਨਲ, ਲੁਧਿਆਣਾ – ਜੋ ਕਿ ਕੱਪੜੇ ਅਤੇ ਟੈਕਸਟਾਈਲ ਨਿਰਮਾਣ ਵਿੱਚ ਲੱਗੀ ਇੱਕ ਸੂਖਮ ਉੱਦਮ (micro enterprise) ਇਕਾਈ ਹੈ – ਲਈ 27.19 ਲੱਖ ਰੁਪਏ ਦੀ ਪੂੰਜੀਗਤ ਸਬਸਿਡੀ (Capital Subsidy) ਨੂੰ ਮਨਜ਼ੂਰੀ ਦਿੱਤੀ ਗਈ।

ਕਮੇਟੀ ਨੇ ਮੈਸਰਜ਼ ਇਵਾਨਾ ਫੋਰਜ ਪ੍ਰਾਈਵੇਟ ਲਿਮਟਿਡ, ਹੰਬੜਾਂ ਲਈ IBDP-2026 ਤਹਿਤ 47.93 ਕਰੋੜ ਰੁਪਏ ਦੇ ਪ੍ਰਸਤਾਵਿਤ ਆਟੋਮੋਟਿਵ ਅਤੇ ਟਰੈਕਟਰ ਪਾਰਟਸ ਨਿਰਮਾਣ ਪ੍ਰੋਜੈਕਟ ਵਾਸਤੇ 37.50 ਲੱਖ ਰੁਪਏ ਦੀ ਸਟੈਂਪ ਡਿਊਟੀ ਛੋਟ ਨੂੰ ਵੀ ਮਨਜ਼ੂਰੀ ਦਿੱਤੀ।

ਇਸ ਤੋਂ ਇਲਾਵਾ, DLC ਨੇ IBDP-2017 ਤਹਿਤ ਕਈ ਯੋਗ ਉਦਯੋਗਿਕ ਇਕਾਈਆਂ ਲਈ ‘ਨੈੱਟ SGST’ ਦੀ ਵਾਪਸੀ (reimbursement) ਨੂੰ ਮਨਜ਼ੂਰੀ ਦਿੱਤੀ, ਜਿਨ੍ਹਾਂ ਵਿੱਚ KHK Alloys Private Limited (59.28 ਲੱਖ ਰੁਪਏ), Om Steel Industries (39.64 ਲੱਖ ਰੁਪਏ), Indian Special Castings Private Limited (14.48 ਲੱਖ ਰੁਪਏ), AAGAAZ (15.89 ਲੱਖ ਰੁਪਏ), Punjland ਲੁਧਿਆਣਾ ਦੇ ਜ਼ਿਲ੍ਹਾ ਉਦਯੋਗ ਕੇਂਦਰ ਦੇ ਜਨਰਲ ਮੈਨੇਜਰ ਮਨਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਆਪਣੀਆਂ ਉਦਯੋਗਿਕ ਅਤੇ ਵਪਾਰਕ ਵਿਕਾਸ ਨੀਤੀਆਂ ਤਹਿਤ ਉਦਯੋਗ ਦੀ ਸ਼੍ਰੇਣੀ, ਖੇਤਰ ਅਤੇ ਯੋਗਤਾ ਦੇ ਆਧਾਰ ‘ਤੇ ਯੋਗ ਨਿਵੇਸ਼ ਦਾ 100% ਤੱਕ ਲਾਭ ਪ੍ਰਦਾਨ ਕਰਨ ਵਾਲੇ ਆਕਰਸ਼ਕ ਉਦਯੋਗਿਕ ਪ੍ਰੋਤਸਾਹਨ ਦੇ ਰਹੀ ਹੈ। ਇਨ੍ਹਾਂ ਪ੍ਰੋਤਸਾਹਨਾਂ ਦਾ ਉਦੇਸ਼ ਨਿਵੇਸ਼ ਨੂੰ ਉਤਸ਼ਾਹਿਤ ਕਰਨਾ, MSMEs (ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ) ਨੂੰ ਮਜ਼ਬੂਤ ਕਰਨਾ, ਰੁਜ਼ਗਾਰ ਪੈਦਾ ਕਰਨਾ ਅਤੇ ਪੰਜਾਬ ਵਿੱਚ ਕਾਰੋਬਾਰ ਕਰਨ ਦੀ ਸੌਖ (ease of doing business) ਨੂੰ ਹੋਰ ਬਿਹਤਰ ਬਣਾਉਣਾ ਹੈ।